# ਧੂੰਆਂ ਰਹਿਤ ਓਨਟੈਰੀਓ ਕਨੂੰਨ 2005

## ਕਨੂੰਨ ਕਿਵੇਂ ਪ੍ਰਭਾਵਿਤ ਕਰਦਾ ਹੈ: ਡੇ ਨਰਸਰੀਆਂ ਅਤੇ ਨਿਜੀ ਹੋਮ ਡੇ ਕੇਯਰ ਨੂੰ

### ਮੂਲ ਆਧਾਰ

- ਧੂੰਆਂ ਰਹਿਤ ਓਨਟੈਰੀਓ ਕਨੂੰਨ 31ਮਈ, 2006 ਨੂੰ ਲਾਗੂ ਹੋ ਰਿਹਾ ਹੈ।
- ਇਹ ਕਨੂੰਨ ਓਨਟੈਰੀਓ ਵਿੱਚ ਬੰਦ ਕੰਮ ਦੀਆਂ ਥਾਵਾਂ ਅਤੇ ਬੰਦ ਜਨਤਕ ਥਾਵਾਂ 'ਤੇ ਸਿਗਰੇਟ ਪੀਣ ਤੋਂ ਮਨਾਹੀ ਕਰਦਾ ਹੈ ਤਾਕਿ ਕਰਮਚਾਰੀਆਂ ਅਤੇ ਜਨਤਾ ਨੂੰ ਦੂਜੇ ਹੱਥ ਦੇ ਧੂਏਂ ਦੇ ਨੁਕਸਾਨਾਂ ਤੋਂ ਬਚਾਇਆ ਜਾ ਸਕੇ।

### ਡੇ ਨਰਸਰੀਆਂ ਅਤੇ ਨਿਜੀ ਹੋਮ ਡੇ ਕੇਯਰ

ਡੇ ਨਰਸਰੀਆਂ ਕਨੂੰਨ ਹੇਠ ਲਾਇਸੈਂਸ ਸ਼ੁਦਾ ਕਿਸੇ ਡੇ ਨਰਸਰੀ ਵਿੱਚ ਸਿਗਰੇਟ ਪੀਣ ਦੀ ਮਨਾਹੀ ਹੈ। ਇਸ ਤੋਂ ਬਿਨਾਂ, ਜਿੱਥੇ ਡੇ ਨਰਸਰੀਆਂ ਕਨੂੰਨ ਅਧੀਨ ਨਿਜੀ ਹੋਮ ਡੇ ਕੇਯਰ ਦਿੱਤੀ ਜਾਂਦੀ ਹੈ, ਸਾਰਾ ਇਲਾਕਾ ਹਰ ਸਮੇਂ ਧੂਆਂ ਰਹਿਤ ਹੋਣਾ ਚਾਹੀਦਾ ਹੈ ਚਾਹੇ ਬੱਚੇ ਹਾਜ਼ਰ ਹੋਣ ਜਾਂ ਨਹੀਂ।
ਲਾਇਸੈਂਸ ਸ਼ੁਦਾ ਨਿਜੀ ਹੋਮ ਡੇ ਕੇਯਰ ਦਾ ਮਤਲਬ ਹੈ ਬੱਚਿਆਂ ਅਤੇ ਯੁਵਕ ਸੇਵਾਵਾਂ ਦੇ ਮੰਤਰਾਲੇ ਵੱਲੋਂ ਨਿਜੀ ਹੋਮ ਡੇ ਕੇਯਰ ਅਜੰਸੀ ਨੂੰ ਜਾਰੀ ਲਾਇਸੈਂਸ ਅਧੀਨ ਨਿਜੀ ਘਰ ਵਿੱਚ ਦਿੱਤੀ ਜਾਣ ਵਾਲੀ ਡੇ ਕੇਯਰ। ਨਿਜੀ ਹੋਮ ਡੇ ਕੇਯਰ ਅਜੰਸੀ ਇੱਕ ਤੋਂ ਜਿਆਦਾ ਥਾਵਾਂ 'ਤੇ ਦਸ ਸਾਲਾਂ ਤੋਂ ਛੋਟੇ ਪੰਜ ਜਾਂ ਘੱਟ ਬੱਚਿਆਂ ਨੂੰ ਬੱਚਿਆਂ ਦੇ ਮਾਪਿਆਂ/ਸੰਰਕਸ਼ਕਾਂ ਦੇ ਘਰ ਤੋਂ ਬਿਨਾ ਕਿਸੇ ਹੋਰ ਨਿਜੀ ਘਰ ਵਿੱਚ ਨਿਜੀ ਹੋਮ ਡੇ ਕੇਯਰ ਦਿੰਦੀ ਹੈ। ਘਰਾਂ ਦੀ ਨਿਗਰਾਨੀ ਅਤੇ ਦੇਖਭਾਲ ਅਜੰਸੀ ਵੱਲੋਂ ਕੀਤੀ ਜਾਂਦੀ ਹੈ।

ਜਿਆਦਾ ਜਾਣਕਾਰੀ ਲਈ, ਬੱਚਿਆਂ ਅਤੇ ਯੁਵਕ ਸੇਵਾਵਾਂ ਦੇ ਮੰਤਰਾਲੇ ਦਾ ਵੈਬਸਾਇਟ ਪਤਾ ਹੈ www.children.gov.on.ca.

### ਸੰਚਾਲਕਾਂ ਦੀਆਂ ਜੁੰਮੇਵਾਰੀਆਂ

- ਇਸ ਗੱਲ ਨੂੰ ਯਕੀਨੀ ਬਨਾਉਣਾ ਕਿ ਸਭ ਨੂੰ ਪਤਾ ਹੋਵੇ ਕਿ ਸਾਂਝੀਆਂ ਜਗਾਹਾਂ 'ਤੇ ਸਿਗਰੇਟ ਪੀਣਾ ਮਨਾ ਹੈ।
- ਐਸ਼ਟਰੇ ਅਤੇ ਹੋਰ ਚੀਜਾਂ ਜੋ ਐਸ਼ਟਰੇ ਦਾ ਕੰਮ ਕਰਦੀਆਂ ਹਨ ਹਟਾ ਦਿਓ।
- ਇਸ ਗੱਲ ਨੂੰ ਯਕੀਨੀ ਬਨਾਓ ਕਿ ਇਮਾਰਤਾਂ ਵਿੱਚ ਕੋਈ ਸਿਗਰੇਟ ਨਾ ਪੀਵੇ।
- ਇ ਹ ਯਕੀਨੀ ਬਨਾਓ ਕਿ ਜੋ ਵਿਅਕਤੀ ਇਸ ਦੀ ਪਾਲਣਾ ਨਹੀਂ ਕਰਦਾ ਉਹ ਇਮਾਰਤ ਵਿੱਚ ਨਾ ਰਹੇ।
- *ਧੂਮਰਪਾਣ ਮਨਾਂ ਹੈ* ਨਿਸ਼ਾਨ ਸਾਰੇ ਪ੍ਰਵੇਸ਼ ਅਤੇ ਨਿਕਾਸ ਦਰਵਾਜਿਆਂ, ਗੁਸਲਖਾਨਿਆਂ ਅਤੇ ਹੋਰ ਸਹੀ ਜਗਾਹਾਂ ਉੱਤੇ ਲਗਾਉਣੇ ਚਾਹੀਦੇ ਹਨ। ਨਿਸ਼ਾਨ ਲੈਣ ਲਈ ਜਾਨਕਾਰੀ ਲਈ ਕਿਰਪਾ ਕਰ ਕੇ ਸਥਾਨਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

### ਪਾਲਣਾ

ਸਥਾਨੀਕ ਜਨਤੱਕ ਸੇਹਤ ਇਕਾਈਆਂ ਕਨੂੰਨ ਦੀ ਪਾਲਣਾ ਕਰਵਾਉਣ ਲਈ ਡੇ ਨਰਸਰੀਆਂ ਅਤੇ ਉਹਨਾਂ ਥਾਵਾਂ ਦੀ ਜਿੱਥੇ ਲਾਇਸੈਂਸ ਸ਼ੁਦਾ ਨਿਜੀ ਹੋਮ ਡੇ ਕੇਯਰ ਦਿੱਤੀ ਜਾਂਦੀ ਹੈ ਵਿੱਚ ਜਾ ਕੇ ਵੇਖਣਗੀਆਂ ਅਤੇ ਸ਼ਿਕਾਇਤਾਂ ਦੀ ਪੁੱਛ ਪੜਤਾਲ ਕਰਣਗੀਆਂ।

## ਜੁਰਮਾਨੇ

ਕਨੂੰਨ ਦੇ ਇਸ ਭਾਗ ਦੀ ਉਲੰਘਨਾਂ ਕੋਈ ਵੱਧ ਤੋਂ ਵੱਧ ਕਾਰਪੋਰੇਟ ਜੁਰਮਾਨਾ ਨਹੀਂ ਲਿਖਿਆ ਗਿਆ ਹੈ, ਇਸ ਦਾ ਮਤਲਬ ਹੈ ਕਿ ਜੁਰਮਾਨੇ ਦੀ ਰਕਮ ਨਿਆਂ ਅਦਾਲਤ 'ਤੇ ਨਿਰਭਰ ਕਰੇਗੀ। ਇੱਕ ਵਿਅਕਤੀ ਨੂੰ ਵੱਧ ਤੋਂ ਵੱਧ $5,000 ਦਾ ਜੁਰਮਾਨਾ ਹੋ ਸਕਦਾ ਹੈ।

ਇਹ ਤੱਤ ਸ਼ੀਟ ਕੇਵਲ ਜ਼ਲਦੀ ਦੇਖਣ ਦੇ ਕੰਮ ਆਉਣ ਲਈ ਹੈ। ਜਿਆਦਾ ਜਾਣਕਾਰੀ ਲਈ, ਕਿਰਪਾ ਕਰ ਕੇ ਅਪਣੀ ਸਥਾਨੀਕ ਜਨਤੱਕ ਸੇਹਤ ਇਕਾਈ ਨਾਲ ਸੰਪਰਕ ਕਰੋ।

ਤੁਸੀਂ ਮੁਫ਼ਤ ਫ਼ੋਨ ਕਰ ਕੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ:

- **ਇੰਫੋਲਾਇਨ** 1-866-396-1760
- **ਉੱਚਾ ਸੁਨਣ ਵਾਲਿਆਂ ਲਈ** 1-800-387-5559

ਕੰਮ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ, 8:30 ਵਜੇ ਸਵੇਰ ਤੋਂ 5:00 ਵਜੇ ਸ਼ਾਮ

ਧੂੰਆਂ ਰਹਿਤ ਓਨਟੈਰੀਓ ਕਨੂੰਨ ਦੀ ਹੋਰ ਜਾਣਕਾਰੀ ਲਈ, ਕਿਰਪਾ ਕਰ ਕੇ ਓਨਟੈਰੀਓ ਸੇਹਤ ਉੱਨਤੀ ਮੰਤਰਾਲੇ ਦੀ ਵੇਬਸਾਇਟ ਤੇ ਜਾਓ: http://www.mhp.gov.on.ca/english/health/smoke_free/legislation.asp.

ਮਈ 2006



Ontario